BC CANCER COLON SCREENING
Provincial Health Services Authority

# ਅਬਨੌਰਮਲ ਫੀਸਲ ਇਮਿਊਨੋਕੈਮੀਕਲ (ਐੱਫ ਆਈ ਟੀ) ਟੈੱਸਟ

ਅਬਨੌਰਮਲ ਐੱਫ ਆਈ ਟੀ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇਣਾ

***ਅਬਨੌਰਮਲ ਫੀਕਲ ਇਮਿਊਨੋਕੈਮੀਕਲ ਟੈੱਸਟ (ਐੱਫ ਆਈ ਟੀ) ਨਤੀਜੇ ਦਾ ਮਤਲਬ ਹੈ ਕਿ ਤੁਹਾਡੇ ਟੱਟੀ ਦੇ ਨਮੂਨੇ ਵਿਚ ਖ਼ੂਨ ਲੱਭਿਆ ਸੀ। ਅਸਾਧਾਰਨ ਨਤੀਜੇ ਆਉਣਾ ਆਮ ਗੱਲ ਹੈ ਅਤੇ ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਕੈਂਸਰ ਹੈ ਜਾਂ ਕੈਂਸਰ ਹੋਵੇਗੀ।***

ਇਹ ਪਤਾ ਲੱਗਣਾ ਕਿ ਤੁਹਾਡਾ ਐੱਫ ਆਈ ਟੀ ਦਾ ਨਤੀਜਾ ਅਸਾਧਾਰਨ ਆਇਆ ਹੈ, ਵੱਖ ਵੱਖ ਭਾਵਨਾਵਾਂ ਪੈਦਾ ਕਰ ਸਕਦਾ ਹੈ ਅਤੇ ਕਈ ਸਵਾਲ ਖੜ੍ਹੇ ਕਰ ਸਕਦਾ ਹੈ। ਸਭ ਤੋਂ ਮਹੱਤਵਪੂਰਨ, ਇਹ ਜਾਣਨਾ ਜ਼ਰੂਰੀ ਹੈ ਕਿ ਐੱਫ ਆਈ ਟੀ ਦੇ ਅਸਾਧਾਰਨ ਨਤੀਜੇ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਕੈਂਸਰ ਹੈ ਜਾਂ ਕੈਂਸਰ ਹੋਵੇਗੀ।

ਐੱਫ ਆਈ ਟੀ ਨਾਲ ਟੈੱਸਟ ਕੀਤੇ ਜਾਣ ਵਾਲੇ ਤਕਰੀਬਨ 10 ਤੋਂ 15 ਪ੍ਰਤੀਸ਼ਤ ਲੋਕਾਂ ਦੇ ਨਤੀਜੇ ਅਸਾਧਾਰਨ ਆਉਣਗੇ ਅਤੇ ਉਨ੍ਹਾਂ ਨੂੰ ਅੱਗੇ ਹੋਰ ਟੈੱਸਟਾਂ ਦੀ ਲੋੜ ਪਵੇਗੀ।

ਅਬਨੌਰਮਲ ਐੱਫ ਆਈ ਟੀ ਦੇ ਨਤੀਜੇ ਵਾਲੇ ਕੁਝ ਲੋਕਾਂ ਵਿਚ ਪੌਲੀਅਪਸ ਹੋ ਸਕਦੇ ਹਨ। ਪੌਲੀਅਪਸ ਛੋਟੇ ਵਾਧੇ ਹਨ ਜੋ ਕਿ ਅੰਤੜੀ ਜਾਂ ਗੁਦਾ ਵਿਚ ਹੋ ਸਕਦੇ ਹਨ, ਜਿਸ ਦੀਆਂ ਅਕਸਰ ਵਾਧੇ ਦੇ ਅਗੇਤੇ ਪੜਾਵਾਂ ’ਤੇ ਕੋਈ ਨਿਸ਼ਾਨੀਆਂ ਨਹੀਂ ਹੁੰਦੀਆਂ। ਬਹੁਤੇ ਪੌਲੀਅਪਸ ਕਦੇ ਵੀ ਕੈਂਸਰ ਵਿਚ ਤਬਦੀਲ ਨਹੀਂ ਹੋਣਗੇ, ਅਤੇ ਜਿਹੜੇ ਹੁੰਦੇ ਹਨ, ਉਨ੍ਹਾਂ ਨੂੰ ਇਹ ਹੋਣ ਲਈ ਕਈ ਸਾਲ ਲੱਗਣਗੇ।

## ਅਬਨੌਰਮਲ ਐੱਫ ਆਈ ਟੀ ਨਤੀਜੇ ਤੋਂ ਬਾਅਦ ਕੀ ਹੁੰਦਾ ਹੈ?

ਤੁਹਾਨੂੰ ਡਾਕ ਰਾਹੀਂ ਆਪਣਾ ਅਬਨੌਰਮਲ ਐੱਫ ਆਈ ਟੀ ਨਤੀਜਾ ਮਿਲਣ ਤੋਂ ਬਾਅਦ, ਅਗਾਂਹ ਹੋਰ ਪੈਰਵੀ ਦੇ ਸੰਬੰਧ ਵਿਚ ਤੁਹਾਡੇ ਇਲਾਕੇ ਵਿਚਲੀ ਹੈਲਥ ਕੇਅਰ ਟੀਮ ਵਲੋਂ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ। ਹੈਲਥ ਕੇਅਰ ਟੀਮ ਤੁਹਾਡੀ ਹਾਲਤ ਬਾਰੇ ਵਿਚਾਰ ਕਰੇਗੀ ਅਤੇ ਜੇ ਢੁਕਵਾਂ ਹੋਵੇ ਤਾਂ ਤੁਹਾਡੇ ਲਈ ਕੋਲਨੋਸਕੋਪੀ ਬੁੱਕ ਕਰੇਗੀ, ਜਾਂ ਜੇ ਕਿਸੇ ਹੋਰ ਨਿਗਰਾਨੀ ਜਾਂ ਇਲਾਜ ਦੀ ਸਲਾਹ ਦਿੱਤੀ ਗਈ ਹੋਵੇ ਤਾਂ ਤੁਹਾਨੂੰ ਇਸ ਬਾਰੇ ਦੱਸੇਗੀ।

ਆਪਣੀ ਪੈਰਵੀ ਲਈ ਉਡੀਕ ਕਰਨ ਦੌਰਾਨ, ਕਿਰਪਾ ਕਰਕੇ ਇਹ ਪੱਕਾ ਕਰੋ ਕਿ ਜੇ ਕਿਸੇ ਵੀ ਸਮੇਂ ਇਨ੍ਹਾਂ ਵਿੱਚੋਂ ਕੋਈ ਵੀ ਨਿਸ਼ਾਨੀਆਂ ਦਿਖਾਈ ਦੇਣ ਤਾਂ ਤੁਹਾਡੇ ਹੈਲਥ ਕੇਅਰ ਪ੍ਰੋਵਾਈਡਰ ਨੂੰ ਇਸ ਦਾ ਪਤਾ ਹੋਵੇ:

- ਤੁਹਾਡੇ ਪਖਾਨੇ (ਟੱਟੀ) ਵਿਚ ਖ਼ੂਨ
- ਢਿੱਡ ਵਿਚ ਦਰਦ
- ਪਖਾਨੇ ਜਾਣ ਦੀਆਂ ਆਦਤਾਂ ਵਿਚ ਤਬਦੀਲੀ
- ਭਾਰ ਘਟਣਾ ਜਿਸ ਦੇ ਕਾਰਨ ਦਾ ਨਹੀਂ ਪਤਾ ਹੈ

**ਜੇ ਤੁਹਾਡਾ ਅਬਨੌਰਮਲ ਐੱਫ ਆਈ ਟੀ ਨਤੀਜਾ ਆਉਂਦਾ ਹੈ ਤਾਂ ਵੱਖਰੇ ਨਤੀਜੇ ਦੀ ਆਸ ਵਿਚ ਟੈੱਸਟ ਦੁਬਾਰਾ ਨਾ ਕਰਵਾਉ। ਬਾਅਦ ਦੇ ਟੈੱਸਟ ਵਿਚ ਭਾਵੇਂ ਤੁਹਾਡਾ ਐੱਫ ਆਈ ਟੀ ਨਤੀਜਾ ਨੌਰਮਲ ਵੀ ਆ ਜਾਵੇ, ਕੋਲਨੋਸਕੋਪੀ ਕਰਵਾਉਣ ਦੀ ਸਿਫਾਰਸ਼ ਵਿਚ ਕੋਈ ਤਬਦੀਲੀ ਨਹੀਂ ਹੋਵੇਗੀ। ਤੁਹਾਡੇ ਪਹਿਲੇ ਨਮੂਨੇ ਵਿਚ ਮਿਲੇ ਖ਼ੂਨ ਦੇ ਕਾਰਨ ਦੀ ਅਜੇ ਵੀ ਹੋਰ ਪੜਤਾਲ ਕੀਤੇ ਜਾਣ ਦੀ ਲੋੜ ਹੈ।**

## ਤੁਹਾਨੂੰ ਕੀ ਜਾਣਨਾ ਚਾਹੀਦਾ ਹੈ

- ਅਬਨੌਰਮਲ ਐੱਫ ਆਈ ਟੀ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਕੈਂਸਰ ਹੈ।
- ਟੈੱਸਟਾਂ ਜਾਂ ਇਲਾਜ ਲਈ ਸਾਰੀਆਂ ਅਪੌਇੰਟਮੈਂਟਾਂ ’ਤੇ ਜਾਣਾ ਜ਼ਰੂਰੀ ਹੈ।
- ਜੇ ਪੌਲੀਅਪਸ ਲੱਭਣ ਤਾਂ ਬਹੁਤੇ ਤੁਹਾਡੀ ਕੋਲਨੋਸਕੋਪੀ ਦੌਰਾਨ ਕੱਢ ਦਿੱਤੇ ਜਾਂਦੇ ਹਨ।
- ਕੋਲਨੋਸਕੋਪੀ, ਆਪਣੀ ਕੋਲਨ ਵਿਚ ਕੈਂਸਰ ਤੋਂ ਅੱਗੇ ਰਹਿਣ ਲਈ ਇਕ ਮਹੱਤਵਪੂਰਨ ਕਦਮ ਹੈ।

## ਕੋਲਨੋਸਕੋਪੀ ਕੀ ਹੈ?

ਕੋਲਨੋਸਕੋਪੀ ਇਕ ਤਰੀਕਾ ਹੈ ਜਿਸ ਵਿਚ ਡਾਕਟਰ ਤੁਹਾਡੀ ਕੋਲਨ (ਵੱਡੀ ਆਂਦਰ) ਦੀ ਅੰਦਰਲੀ ਤਹਿ ਨੂੰ ਦੇਖਣ ਲਈ ਇਕ ਲਚਕਦਾਰ ਟਿਊਬ ਨਾਲ ਜੁੜੇ ਹੋਏ ਬਹੁਤ ਹੀ ਛੋਟੇ ਜਿਹੇ ਕੈਮਰੇ ਦੀ ਵਰਤੋਂ ਕਰਦਾ ਹੈ। ਟੈੱਸਟ ਦੌਰਾਨ, ਟਿਸ਼ੂ ਦੇ ਨਮੂਨੇ ਲਏ ਜਾ ਸਕਦੇ ਹਨ ਅਤੇ ਪੌਲੀਅਪਸ ਕੱਢੇ ਜਾ ਸਕਦੇ ਹਨ।

ਜੇ ਤੁਹਾਡਾ ਐਡੇਨੋਮਾ (ਜ਼) ਦਾ ਨਿੱਜੀ ਪਿਛੋਕੜ ਹੈ ਜਾਂ ਪਰਿਵਾਰ ਵਿਚ ਕੋਲਨ ਕੈਂਸਰ ਦੀ ਮਹੱਤਵਪੂਰਨ ਹਿਸਟਰੀ ਹੈ ਤਾਂ ਤੁਹਾਡਾ ਹੈਲਥ ਕੇਅਰ ਪ੍ਰੋਵਾਈਡਰ ਤੁਹਾਨੂੰ ਸਿੱਧਾ ਹੀ ਕੋਲਨੋਸਕੋਪੀ ਲਈ ਭੇਜ ਸਕਦਾ ਹੈ। ਤੁਹਾਨੂੰ ਐੱਫ ਆਈ ਟੀ ਦੇ ਆਸਧਾਰਨ ਨਤੀਜੇ ਤੋਂ ਬਾਅਦ ਵੀ ਕੋਲਨੋਸਕੋਪੀ ਲਈ ਭੇਜਿਆ ਜਾ ਸਕਦਾ ਹੈ। ਦੋਨਾਂ ਕੇਸਾਂ ਵਿਚ ਤੁਹਾਡੇ ਇਲਾਕੇ ਵਿਚਲੀ ਹੈਲਥ ਕੇਅਰ ਟੀਮ ਟੈੱਸਟ ਬਾਰੇ ਤੁਹਾਡੇ ਨਾਲ ਵਿਚਾਰ ਕਰੇਗੀ।

## ਕੀ ਇਹ ਜ਼ਰੂਰੀ ਹੈ ਕਿ ਮੈਂ ਹੁਣ ਕੋਲਨੋਸਕੋਪੀ ਲਈ ਆਪਣੀ ਅਪੌਇੰਟਮੈਂਟ 'ਤੇ ਜਾਵਾਂ?

ਕੋਲਨੋਸਕੋਪੀ ਕੈਂਸਰ ਤੋਂ ਅੱਗੇ ਰਹਿਣ ਵਿਚ ਤੁਹਾਡੀ ਮਦਦ ਕਰ ਸਕਦੀ ਹੈ। ਅਬਨੌਰਮਲ ਐੱਫ ਆਈ ਟੀ ਨਤੀਜੇ ਦਾ ਮਤਲਬ ਹੈ ਕਿ ਤੁਹਾਡੇ ਟੱਟੀ ਦੇ ਨਮੂਨੇ ਵਿਚ ਖ਼ੂਨ ਲੱਭਿਆ ਸੀ ਅਤੇ ਖ਼ੂਨ ਪੈਣ ਦੇ ਕਾਰਨ ਦੀ ਪੜਤਾਲ ਕਰਨਾ ਜ਼ਰੂਰੀ ਹੈ। ਕੋਲਨੋਸਕੋਪੀ ਲਈ ਬਣੀ ਆਪਣੀ ਅਪੌਇੰਟਮੈਂਟ 'ਤੇ ਹੁਣ ਜਾਣਾ, ਕੋਲਨ ਕੈਂਸਰ ਦਾ ਤੁਹਾਡਾ ਖਤਰਾ ਘੱਟ ਤੋਂ ਘੱਟ ਕਰਨ ਵਿਚ ਮਦਦ ਕਰਦਾ ਹੈ। ਅਬਨੌਰਮਲ ਐੱਫ ਆਈ ਟੀ ਨਤੀਜੇ ਤੋਂ ਬਾਅਦ ਆਪਣੀ ਕੋਲਨੋਸਕੋਪੀ ਦੀ ਅਪੌਇੰਟਮੈਂਟ ਵਿਚ ਦੇਰੀ ਕਰਨ ਦਾ ਨਤੀਜਾ ਕੋਲਨ ਕੈਂਸਰ ਦਾ ਤੁਹਾਡਾ ਖਤਰਾ ਵਧਾ ਸਕਦਾ ਹੈ।

<table>
<tr><th colspan="2">ਕੋਲਨੋਸਕੋਪੀ ਦੀ ਤੁਹਾਡੀ ਅਪੌਇੰਟਮੈਂਟ ਦੌਰਾਨ ਤੁਹਾਨੂੰ ਸੁਰੱਖਿਅਤ ਰੱਖਣਾ</th></tr>
<tr><td colspan="2">ਬੀ ਸੀ ਕੋਲਨ ਸਕਰੀਨਿੰਗ, ਕੋਲਨੋਸਕੋਪੀ ਦੀਆਂ ਅਪੌਇੰਟਮੈਂਟਾਂ ਦੌਰਾਨ ਮਰੀਜ਼ਾਂ ਅਤੇ ਹੈਲਥ ਕੇਅਰ ਪ੍ਰੋਵਾਈਡਰਜ਼ ਦੋਨਾਂ ਦੀ ਸੇਫਟੀ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ:</td></tr>
<tr><th>ਆਪਣੀ ਅਪੌਇੰਟਮੈਂਟ ਤੋਂ ਪਹਿਲਾਂ</th><th>ਆਪਣੀ ਅਪੌਇੰਟਮੈਂਟ ਦੌਰਾਨ</th></tr>
<tr><td><ul><li>ਕੋਲਨੋਸਕੋਪੀ ਤੋਂ ਪਹਿਲਾਂ ਦੀ ਅਸੈੱਸਮੈਂਟ ਅਤੇ ਸਮੇਂ ਦੇ ਸੰਬੰਧ ਵਿਚ ਤੁਹਾਡੇ ਇਲਾਕੇ ਵਿਚਲੀ ਹੈਲਥ ਕੇਅਰ ਟੀਮ ਤੁਹਾਡੇ ਨਾਲ ਫੋਨ ਰਾਹੀਂ ਸੰਪਰਕ ਕਰੇਗੀ। ਉਹ ਤੁਹਾਨੂੰ ਤੁਹਾਡੀ ਅਪੌਇੰਟਮੈਂਟ ਲਈ ਕੋਵਿਡ-19 ਨਾਲ ਸੰਬੰਧਿਤ ਕੋਈ ਵੀ ਤਰੀਕੇ ਜਾਂ ਹਿਦਾਇਤਾਂ ਦੱਸਣਗੇ।</li></ul></td><td><ul><li>ਸਰੀਰਕ ਫਾਸਲਾ ਰੱਖਣ ਲਈ ਮਰੀਜ਼ਾਂ ਦੇ ਏਰੀਏ ਨੂੰ ਦੁਬਾਰਾ ਤਰਤੀਬ ਦਿੱਤੀ ਗਈ ਹੈ।</li><li>ਤੁਹਾਡੀ ਅਤੇ ਹੋਰਨਾਂ ਦੀ ਰੱਖਿਆ ਲਈ ਹੈਲਥ ਕੇਅਰ ਸਟਾਫ ਨਿੱਜੀ ਹਿਫਾਜ਼ਤ ਦਾ ਸਾਜ਼-ਸਾਮਾਨ (ਪੀ ਪੀ ਈ) ਪਾਵੇਗਾ।</li><li>ਮਰੀਜ਼ਾਂ ਦੀ ਸੇਫਟੀ ਨੂੰ ਯਕੀਨੀ ਬਣਾਉਣ ਲਈ ਸਫਾਈ ਦੇ ਨਿਯਮਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਂਦੀ ਹੈ।</li></ul></td></tr>
</table>

## ਅਸਾਧਾਰਨ ਐੱਫ ਆਈ ਟੀ ਨਤੀਜਾ ਕਿਉਂ ਆਉਂਦਾ ਹੈ?

ਐੱਫ ਆਈ ਟੀ ਜਾਂਚ ਕਰਨ ਲਈ ਇਕ ਟੈੱਸਟ ਹੈ ਜਿਹੜਾ ਕਿ ਸਿਰਫ ਟੱਟੀ ਵਿਚ ਖ਼ੂਨ ਦਾ ਪਤਾ ਹੀ ਲਾ ਸਕਦਾ ਹੈ। ਐੱਫ ਆਈ ਟੀ ਰੋਗ ਦੀ ਪਛਾਣ ਕਰਨ ਦਾ ਟੈੱਸਟ ਨਹੀਂ ਹੈ। ਇਸ ਦਾ ਮਤਲਬ ਹੈ ਕਿ ਜਦ ਕਿ ਐੱਫ ਆਈ ਟੀ ਇਕ ਨਿਸ਼ਾਨੀ ਲੱਭ ਸਕਦਾ ਹੈ ਜਿਹੜੀ ਕੈਂਸਰ ਵੱਲ ਸੰਕੇਤ ਕਰ ਸਕਦੀ ਹੈ (ਟੱਟੀ ਵਿਚ ਖ਼ੂਨ ਹੋਣਾ), ਪਰ ਇਸ ਦੀ ਵਰਤੋਂ ਕੈਂਸਰ ਦੀ ਪਛਾਣ ਕਰਨ ਲਈ ਨਹੀਂ ਕੀਤੀ ਜਾ ਸਕਦੀ ਜਾਂ ਉਸ ਕਾਰਨ ਦੀ ਪਛਾਣ ਕਰਨ ਲਈ ਨਹੀਂ ਕੀਤੀ ਜਾ ਸਕਦੀ ਕਿ ਟੱਟੀ ਵਿਚ ਖ਼ੂਨ ਕਿਉਂ ਹੈ।

ਅਬਨੌਰਮਲ ਐੱਫ ਆਈ ਟੀ ਨਤੀਜੇ ਦਾ ਮਤਲਬ ਸਿਰਫ ਇਹ ਹੈ ਕਿ ਟੱਟੀ ਦੇ ਉਸ ਨਮੂਨੇ ਵਿਚ ਖ਼ੂਨ ਲੱਭਿਆ ਸੀ ਜਿਹੜਾ ਤੁਸੀਂ ਦਿੱਤਾ ਸੀ। ਐੱਫ ਆਈ ਟੀ ਸਾਨੂੰ ਸਿਰਫ ਇਹ ਦੱਸ ਸਕਦਾ ਹੈ ਕਿ ਤੁਹਾਡੇ ਹੇਠਲੇ ਪਾਚਕ ਹਿੱਸੇ ਵਿਚ ਕਿਤੇ ਬਲੀਡਿੰਗ ਹੋ ਰਹੀ ਹੋ ਸਕਦੀ ਹੈ। ਇਹ ਸਾਨੂੰ ਇਹ ਨਹੀਂ ਦੱਸ ਸਕਦਾ ਕਿ ਕਿਹੜਾ ਹਿੱਸਾ ਹੈ ਜਾਂ ਕਿਉਂ ਪੈਂਦਾ ਹੈ।

ਇਸ ਚੀਜ਼ ਦੇ ਕਈ ਵੱਖ ਵੱਖ ਕਾਰਨ ਹੋ ਸਕਦੇ ਹਨ ਕਿ ਤੁਹਾਡੀ ਟੱਟੀ ਵਿਚ ਖ਼ੂਨ ਕਿਉਂ ਲੱਭਾ ਹੈ, ਜਿਸ ਵਿਚ ਖ਼ੂਨੀ ਬਵਾਸੀਰ (ਕਦੇ ਕਦੇ ਬਿਨਾਂ ਦਰਦ ਦੇ ਜਾਂ ਅੰਦਰੂਨੀ), ਅਲਸਰਾਂ ਅਤੇ ਗੁਦਾ ਵਿਚ ਚੀਰੇ, ਕੋਈ ਹੋਰ ਬੀਮਾਰੀ, ਜਾਂ ਸੋਜਸ਼ ਸ਼ਾਮਲ ਹਨ।

ਇਹ ਜ਼ਰੂਰੀ ਹੈ ਕਿ ਤੁਹਾਡੀ ਕੋਲਨੋਸਕੋਪੀ ਨਾਲ ਜਾਂਚ ਕੀਤੀ ਜਾਵੇ। ਕੋਲਨੋਸਕੋਪੀ ਇਹ ਪਤਾ ਲਾਉਣ ਵਿਚ ਮਦਦ ਕਰ ਸਕਦੀ ਹੈ ਕਿ ਖ਼ੂਨ ਕਿੱਥੋਂ ਆ ਰਿਹਾ ਹੈ।

## ਸਾਡੇ ਨਾਲ ਸੰਪਰਕ ਕਰੋ


BC Cancer Colon Screening
801-686 West Broadway Vancouver, BC V5Z 1G1

ਫੋਨ: 1-877-702-6566
ਈਮੇਲ: screening@bccancer.bc.ca
ਵੈੱਬ: www.screeningbc.ca/colon



ਤੁਹਾਡੀ ਨਿੱਜੀ ਜਾਣਕਾਰੀ, ਪਰਸਨਲ ਇਨਫਰਮੇਸ਼ਨ ਪ੍ਰੋਟੈਕਸ਼ਨ ਐਕਟ ਅਤੇ ਜਿੱਥੇ ਲਾਗੂ ਹੁੰਦਾ ਹੋਵੇ ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ ਮੁਤਾਬਕ ਇਕੱਠੀ ਕੀਤੀ ਜਾਂਦੀ ਹੈ ਅਤੇ ਇਸ ਦੀ ਅਣਅਧਿਕਾਰਤ ਵਰਤੋਂ ਅਤੇ ਅਗਾਂਹ ਦੱਸੇ ਜਾਣ ਤੋਂ ਰੱਖਿਆ ਕੀਤੀ ਜਾਂਦੀ ਹੈ। ਇਹ ਜਾਣਕਾਰੀ ਇਨ੍ਹਾਂ ਐਕਟਾਂ ਮੁਤਾਬਕ ਹੀ ਵਰਤੀ ਅਤੇ ਅਗਾਂਹ ਦੱਸੀ ਜਾ ਸਕਦੀ ਹੈ, ਅਤੇ ਇਸ ਦੀ ਵਰਤੋਂ ਕੁਆਲਟੀ ਦੀ ਜ਼ਾਮਨੀ ਲਈ ਕੀਤੀ ਜਾਵੇਗੀ ਅਤੇ ਇਹ ਇਲਾਜ ਵਿਚ ਸ਼ਾਮਲ ਡਾਕਟਰਾਂ ਨੂੰ ਦੱਸੀ ਜਾਵੇਗੀ ਜਾਂ ਉਦੋਂ ਦੱਸੀ ਜਾਵੇਗੀ ਜਦੋਂ ਕਾਨੂੰਨ ਮੰਗ ਕਰਦਾ ਹੋਵੇ।

ਬੀ ਸੀ ਕੈਂਸਰ ਵਲੋਂ ਇਕੱਠੀ ਕੀਤੀ ਜਾਣ ਵਾਲੀ ਜਾਣਕਾਰੀ ਸੰਬੰਧੀ ਜੇ ਕੋਈ ਵੀ ਸਵਾਲ ਹੋਣ ਤਾਂ ਇਹ ਓਪਰੇਸ਼ਨਜ਼ ਡਾਇਰੈਕਟਰ, ਕੈਂਸਰ ਸਕਰੀਨਿੰਗ ਤੋਂ ਪੁੱਛੇ ਜਾ ਸਕਦੇ ਹਨ (ਐਡਰੈਸ: 801 – 686 West Broadway, Vancouver BC V5X 1G1, ਵੈੱਬ: www.screeningbc.ca ਜਾਂ ਈਮੇਲ: screening@bccancer.bc.ca)